ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ.
ਤੀਜ਼ੀ ਮੰਜ਼ਿਲ ਮਿਨੀ ਸਕੱਤਰੇਤ
deose.bathinda@punjabeducatin.gov.in

**ਵੱਲ,**

ਪੱਤਰ ਨੰਬਰ:- 445

ਮਿਤੀ :- 01.07.2026

ਪ੍ਰਿੰਸੀਪਲ ਸਸਸ ਸਕੂਲ, ਦਿਉਣ (ਚੇਅਰਮੈਨ)
ਪ੍ਰਿੰਸੀਪਲ ਸਸਸ ਸਕੂਲ , ਮਾਈਸਰ ਖਾਨਾ (ਮੈਂਬਰ)
ਪ੍ਰਿੰਸੀਪਲ ਸਸਸ ਸਕੂਲ,ਮੰਡੀ ਕਲਾਂ (ਮੈਂਬਰ)
ਦਵਿੰਦਰ ਸਿੰਘ ਕਲਰਕ (ਡੀਲਿੰਗ ਹੈਂਡ ਦ.ਜਿ.ਸਿ.ਅ (ਸੈ.ਸਿ) ਬਠਿੰਡਾ)

**ਵਿਸ਼ਾ: ਸਾਲ 2026 ਦੌਰਾਨ ਹੋਈਆਂ ਆਨਲਾਈਨ ਬਦਲੀਆਂ (Online Transfers) ਦੇ ਸਬੰਧ ਵਿੱਚ ਪ੍ਰਾਪਤ ਹੋਏ ਇਤਰਾਜ਼ਾਂ ਦੇ ਨਿਪਟਾਰੇ ਲਈ 3-ਮੈਂਬਰੀ ਕਮੇਟੀ ਦਾ ਗਠਨ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2026 ਦੌਰਾਨ ਵਿਭਾਗ ਵੱਲੋਂ ਕੀਤੀਆਂ ਗਈਆਂ ਆਨਲਾਈਨ ਬਦਲੀਆਂ ਦੇ ਸਬੰਧ ਵਿੱਚ ਵੱਖ-ਵੱਖ ਸਕੂਲਾਂ ਅਤੇ ਕਰਮਚਾਰੀਆਂ ਵੱਲੋਂ ਕੁਝ ਇਤਰਾਜ਼ ਪ੍ਰਾਪਤ ਹੋ ਰਹੇ ਹਨ। ਇਨ੍ਹਾਂ ਪ੍ਰਾਪਤ ਹੋਏ ਇਤਰਾਜ਼ਾਂ ਨੂੰ ਵਿਚਾਰਨ, ਉਨ੍ਹਾਂ ਦੀ ਪੜਤਾਲ ਕਰਨ ਅਤੇ ਨਿਯਮਾਂ ਅਨੁਸਾਰ ਤੁਰੰਤ ਨਿਪਟਾਰਾ ਕਰਨ ਲਈ ਇੱਕ 4-ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ।

ਇਸ ਕਮੇਟੀ ਵਿੱਚ ਹੇਠ ਲਿਖੇ ਅਧਿਕਾਰੀ/ਕਰਮਚਾਰੀ ਸ਼ਾਮਲ ਹੋਣਗੇ

1. ਪ੍ਰਿੰਸੀਪਲ ਸਸਸ ਸਕੂਲ, ਦਿਉਣ **(ਚੇਅਰਮੈਨ)**
2. ਪ੍ਰਿੰਸੀਪਲ ਸਸਸ ਸਕੂਲ , ਮਾਈਸਰ ਖਾਨਾ **(ਮੈਂਬਰ)**
3. ਪ੍ਰਿੰਸੀਪਲ ਸਸਸ ਸਕੂਲ (ਕ),ਮੰਡੀ ਕਲਾਂ **(ਮੈਂਬਰ)**
4. ਦਵਿੰਦਰ ਸਿੰਘ ਕਲਰਕ (ਡੀਲਿੰਗ ਹੈਂਡ ਦ.ਜਿ.ਸਿ.ਅ (ਸੈ.ਸਿ) ਬਠਿੰਡਾ) ( ਮਾਸਟਰ ਕਾਡਰ ਲਈ)
5. ਕਰਨੈਲ ਸਿੰਘ ਸੀਨੀਅਰ ਸਹਾਇਕ (ਡੀਲਿੰਗ ਹੈਂਡ ਦ.ਜਿ.ਸਿ.ਅ (ਸੈ.ਸਿ) ਬਠਿੰਡਾ) ( ਲੈਕਚਰਾਰ ਕਾਡਰ ਲਈ)

ਇਹ ਕਮੇਟੀ ਵੱਖ-ਵੱਖ ਸਕੂਲਾਂ ਵੱਲੋਂ ਪ੍ਰਾਪਤ ਹੋਏ ਸਾਰੇ ਇਤਰਾਜ਼ਾਂ ਦੀ ਬਾਰੀਕੀ ਨਾਲ ਜਾਂਚ ਕਰੇਗੀ ਅਤੇ ਆਪਣੀ ਸਪੱਸ਼ਟ ਰਿਪੋਰਟ/ਸਿਫ਼ਾਰਸ਼ਾਂ ਜਲਦ ਤੋਂ ਜਲਦ ਇਸ ਦਫ਼ਤਰ ਨੂੰ ਸੌਂਪੇਗੀ ਤਾਂ ਜੋ ਬਦਲੀਆਂ ਦੇ ਸਬੰਧ ਵਿੱਚ ਅਗਲੇਰੀ ਲੋੜੀਂਦੀ ਕਾਰਵਾਈ ਸਮੇਂ ਸਿਰ ਮੁਕੰਮਲ ਕੀਤੀ ਜਾ ਸਕੇ। ਸਬੰਧਤ ਡੀਲਿੰਗ ਹੈਂਡ ਦਫਤਰ ਨੂੰ ਆਨਲਾਈਨ ਬਦਦਲੀਆ ਸਬੰਧੀ ਪ੍ਰਾਪਤ ਹੋਏ ਇਤਰਾਜ ਦੀ ਜਾਣਕਾਰੀ ਕਮੇਟੀ ਨਾਲ ਸਾਂਝੀ ਕਰਨੀ ਯਕੀਨੀ ਬਣਾਉਣਗੇ।

ਨੋਟ:-

1. ਸਮੂਹ ਕਮੇਟੀ ਮੈਂਬਰਜ਼ ਦੀ ਇੱਕ ਅਹਿਮ ਮੀਟਿੰਗ ਕੱਲ ਮਿਤੀ 02.07.2026 ਸਮਾਂ 11 ਵਜੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਰੱਖੀ ਗਈ ਹੈ।
2. ਸਬੰਧਤ ਸਕੂਲ ਮੁਖੀ ਅਤੇ ਕਰਮਚਾਰੀ ਆਪਣੇ ਆਪਣੇ ਦਸਤਾਵੇਜ਼ ਨਾਲ ਲੈ ਕੇ ਕਮੇਟੀ ਕੋਲ ਹਾਜ਼ਰ ਹੋ ਕੇ ਆਪਣਾ ਪੱਖ ਰੱਖਣ।

1/7/26

ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ.),
**ਬਠਿੰਡਾ।**